# ਅੰਮ੍ਰਿਤ ਕੀਰਤਨ

ਜਨਵਰੀ 2013



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ ਦੀ ਵਧਾਈ

ਮੁੱਲ 15/-

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ



# ਪੈਂਤੀ ਅੱਖਰੀ-ਕਾਫ਼ੀਆਂ

## ਘ

ਘੁੰਮਣ ਘੁੰਮਣ ਘੇਰੇ ਫੱਸੀ,
ਪਾਰ ਲੰਘਾਵੇ ਕਿਹੜਾ ਹੂ।

ਮੈਂ ਆਜਜ਼ ਹਾਂ ਸਭ ਦੀ ਬੰਦੀ
ਨਾਲ ਕਿਸੇ ਨਾ ਝੇੜਾ ਹੂ।

ਮਿਹਰ ਕਰੇ ਉਹ ਰਬ ਸਾਂਈ ਜੇ,
ਪਾਰ ਲੰਘਾਵੇ ਬੇੜਾ ਹੂ।

ਸੰਤੋਖ ਨਾਮ ਜਪ ਸ਼ਾਂਤੀ ਮਿਲਦੀ
ਮਨ ਵਿਚ ਆਵੇ ਖੇੜਾ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਹਰਮੋਨੀਅਮ ਵਿਚਾਰਾ ਕੀ ਕਰੇ 5

ਕੀਰਤਨ : ਕੋਈ ਗਾਵੈ ਕੋ ਸੁਣੈ
ਕਰਤਾਰ ਸਿੰਘ ਨੀਲਧਾਰੀ 7

ਪ੍ਰਤੀਕਰਮ
ਭਗਵੰਤ ਸਿੰਘ 9

ਸੀਸ ਦੀਆ ਪਰ ਸਿਰਰੁ ਨਾ ਦੀਆ
ਕਰਮ ਸਿੰਘ ਰਤਨ 11

Guru Nanak's Way of Self-Purification through Kirtan 13

ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਦੀ ਪਲੇਠੀ ਰਚਨਾ
ਰਿਸ਼ਪਾਲ ਸਿੰਘ 17

भारतीय सांगीतिक परम्पराओं के परिपेक्ष में गुरमति संगीत की गायन शैलियों का विश्लेषणात्मक अध्ययन।
सामंत कौर 19

ਸੁਰ ਲਿਪੀ 25


**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

Gurkirpa, hearty congratulation from all families and friends in Toronto/ Oshawa Canada. Just watched your Seva /services in the field of Gurmat Sangeet and education being appreciated and acknowledged in London UK by the organizers of The Sikh Awards 2012. Prayers for your Chardi Kala !!! Humbly

Gurvinder Kaur , Charanjeet Singh and family & friends,
charanoshawa@gmail.com

ਆਪ ਜੀ ਦੇ ਗਾਏ ਸ਼ਬਦ 'ਭਜੋ ਗੋਬਿੰਦ ਭੂਲ ਮਤਿ ਜਾਉ', 'ਸਾਹਿਬ ਨਿਤਾਣਿਆਂ ਕਾ ਤਾਣ', 'ਪੂਤਾ ਮਾਤਾ ਕੀ ਆਸੀਸ', ਮੈਨੂੰ ਬਹੁਤ ਚੰਗੇ ਲੱਗੇ।ਆਪ ਜੀ ਵੱਲੋਂ ਲਿਖੀ ਪੁਸਤਕ ਕਾਵਿ ਅਤੇ ਸੰਗੀਤ ਗੁਰਬਾਣੀ ਪਰਿਪੇਖ' ਪੜ੍ਹਕੇ ਬਹੁਤ ਕੁਝ ਸਿਖਣ ਲਈ ਮਿਲਿਆ। ਵਾਹਿਗੁਰੂ ਆਪ ਜੀ ਨੂੰ ਕਲਾ ਪ੍ਰੇਮੀਆਂ ਦੀ ਸੇਵਾ ਲਈ ਹੋਰ ਬਲ ਦੇਵੇ।

ਰਵਿੰਦਰ ਕੌਰ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

Women are the keepers of the conscience of the Society. Mrs. Harinder Durga's views on the benefits of their playing a constructive role of bringing harmony in world community are quite valid. Unfortunately, traditional religions and societies have consciously kept them supressed. Its for them to assert themselves and the society as such must remove the barriers strongly through some aspects at resergent feminism take them back into old sterotype roles.

Sikandar Singh

ਦਸੰਬਰ ਦਾ ਅੰਮ੍ਰਿਤ ਕੀਰਤਨ ਪ੍ਰਾਪਤ ਹੋਇਆ। 'ਕਰਉ ਬੇਨੰਤੀਆ' ਪੜ੍ਹ ਕੇ ਬਾਗੜੀਆਂ ਪਰਿਵਾਰ ਦੀ ਗੁਰਮਤਿ ਸੰਗੀਤ ਨਾਲ ਸਾਂਝ ਬਾਰੇ ਪਤਾ ਲੱਗਾ। ਹਰਜਸ ਕੌਰ ਜੀ ਦਾ ਲੇਖ ਗੁਰੂ ਨਾਨਕ ਬਾਣੀ ਸੰਗੀਤਾਮਕ ਵਿਸ਼ਲੇਸ਼ਣ ਗਿਆਨ ਭਰਪੂਰ ਸੀ।

ਮੰਗਤ ਸਿੰਘ ਮਸਤਾਨਾ (09779447365) ਪ੍ਰੋ: ਐੱਮ. ਐੱਸ. ਸਚਦੇਵਾ, ਸੰਤ ਮੁਕੰਦ ਸਿੰਘ, ਮਲੋਟ

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਹਰਮੋਨੀਅਮ ਵਿਚਾਰਾ ਕੀ ਕਰੇ

ਕੁਝ ਕਲਾਸੀਕਲ ਸੰਗੀਤਕਾਰਾਂ ਨੇ ਹਰਮੋਨੀਅਮ ਬਾਰੇ ਕਾਫੀ ਅਪਸ਼ਬਦ ਬੋਲੇ ਹਨ। ਜਦੋਂ ਕਿ ਹਰਮੋਨੀਅਮ ਵੀ ਹੋਰ ਸਾਜ਼ਾਂ ਵਾਂਗ ਇਕ ਸਾਜ਼ ਹੈ। ਇਸ ਨੂੰ ਵਜਾਉਣ ਵਾਲੇ ਨਿਪੁੰਨ ਕਲਾਕਾਰਾਂ ਦੇ ਵਾਦਨ ਨੂੰ ਵੱਡੇ ਵੱਡੇ ਕਲਾਕਾਰ ਸ਼ਾਬਾਸ਼ੀ ਦਿੰਦੇ ਹਨ।

ਹਰਮੋਨੀਅਮ ਦਾ ਅਵਿਸ਼ਕਾਰ ਪੈਰਿਸ ਵਿਚ 1840 ਈਸਵਰੀ ਵਿਚ ਹੋਇਆ। ਪਰ ਥੋੜ੍ਹੇ ਸਮੇਂ ਵਿਚ ਹੀ ਇਹ ਸੰਗੀਤ ਜਗਤ ਵਿਚ ਛਾ ਗਿਆ। ਭਾਰਤ ਵਿਚ ਇਸ ਦੀ ਆਮਦ ਅੰਗਰੇਜ਼ਾਂ ਦੁਆਰਾ ਹੀ ਹੋਈ। ਪੰਜਾਬ ਵਿਚ ਖਾਸ ਘਰ ਗੁਰੂ ਘਰਾਂ ਵਿਚ ਕੀਰਤਨੀਆਂ ਨੇ ਇਸ ਸਾਜ਼ ਨੂੰ ਬਾਖੂਬੀ ਅਪਣਾਇਆ।

ਹਰਮੋਨੀਅਮ ਦੀ ਆਮਦ ਦੇ ਸਮੇਂ ਤੋਂ ਕੁਝ ਸੰਗੀਤਕਾਰ ਇਸ ਦੇ ਵਿਰੁੱਧ ਪ੍ਰਚਾਰ ਕਰਦੇ ਰਹੇ ਹਨ। ਕਿਸੇ ਨੇ ਇਸ ਨੂੰ ਤੋੜਨ ਅਤੇ ਕਿਸੇ ਨੇ ਇਸ ਨੂੰ ਖੂਹ ਵਿਚ ਸੁੱਟਣ ਦੀ ਗੱਲ ਕਹੀ। ਲੰਮਾ ਸਮਾਂ ਇਹ ਆਲ ਇੰਡੀਆ ਰੇਡੀਓ 'ਤੇ ਵਰਜਿਤ ਰਿਹਾ ਹੈ। ਇਸ ਦਾ ਕਸੂਰ ਕੇਵਲ ਇਤਨਾ ਹੈ ਇਸ ਦੀਆਂ ਬਾਰਾਂ ਸੁਰਾਂ (ਸ਼ੁੱਧ ਅਤੇ ਕੋਮਲ) ਨੂੰ ਜੇ ਠੀਕ ਤਰ੍ਹਾਂ ਨਾਲ ਸੁਰ ਕਰ ਲਿਆ ਜਾਵੇ ਤਾਂ ਇਹ ਛੇਤੀ ਬੇਸੁਰੀਆਂ ਨਹੀਂ ਹੁੰਦੀਆਂ।

ਦਾਸ ਦੇ ਵਿਚਾਰ ਅਨੁਸਾਰ ਗਾਇਨ ਤਾਂ ਗਵਈਏ ਨੇ ਕਰਨਾ ਹੈ ਸੁਰ-ਸਾਜ਼ ਉਸ ਦੀ ਸਹਾਇਤਾ ਲਈ ਹੁੰਦੇ ਹਨ। ਗੁਰੂ ਨਾਨਕ ਸਾਹਿਬ ਵੇਲੇ ਰਬਾਬ ਵਧੇਰੇ ਪ੍ਰਚਲਤ ਸੀ ਬਾਅਦ ਵਿਚ ਸਰੰਦਾ, ਤਾਊਸ ਆਦਿ ਸਾਜ਼ ਪ੍ਰਚਲਤ ਹੋਏ। ਸਾਰੰਗੀ ਨਾਲ ਕੀਰਤਨ ਕਰਨਾ ਕਿਉਂ ਨਹੀਂ ਪ੍ਰਚਲਤ ਹੋਇਆ। ਇਸ ਦੇ ਠੋਸ ਕਰਨ ਅਜੇ ਤਕ ਸਾਹਮਣੇ ਨਹੀਂ ਆਏ। ਤਾਲ ਸਾਜ਼ਾਂ ਵਿਚੋਂ ਮਿਰਦੰਗ ਦੀ ਥਾਂ ਤਬਲੇ ਨੇ ਲਈ। ਆਟੇ ਵਾਲੇ ਧਾਮੇ ਦੀ ਥਾਂ ਸਿਆਹੀ ਵਾਲੀ ਡੁੱਗੀ ਪ੍ਰਚਲਤ ਹੋਈ। ਗਾਇਨ ਸਮੇਂ ਜਾਂ ਸੰਗਤ ਕਰਨ ਸਮੇਂ ਹਰਮੋਨੀਅਮ ਨੂੰ ਆਸਾਨੀ ਨਾਲ ਵਜਾਇਆ ਜਾ ਸਕਦਾ ਹੈ। ਗਾਇਕ ਗਾਉਂਦਿਆਂ ਗਾਉਂਦਿਆਂ ਇਸ ਨੂੰ ਵਜਾ ਵੀ ਸਕਦਾ ਹੈ ਅਤੇ ਗਾਇਕ ਨੂੰ ਗਾਇਨ ਕਰਨ ਸਮੇਂ ਸੌਖ ਮਹਿਸੂਸ ਕਰਦੀ ਹੈ। ਪਰ ਕਈਆਂ ਦਾ ਵਿਚਾਰ ਹੈ ਕਿ ਹਰਮੋਨੀਅਨ ਆਮਦ ਨਾਲ ਗਾਇਨ ਦੀ ਕੁਆਲਟੀ ਦਾ ਨੁਕਸਾਨ ਹੋਇਆ ਹੈ। ਜਦੋਂ ਗਿਣਤੀ ਵਿਚ ਵਾਧਾ ਹੁੰਦਾ ਹੈ ਤਾਂ ਕੁਆਲਟੀ ਦਾ ਘਾਟਾ ਪੈਂਦਾ ਹੈ। ਪਰ ਕੁਆਲਟੀ ਖਤਮ ਨਹੀਂ ਹੁੰਦੀ।ਕੰਪਿਊਟਰ ਨੇ ਕਈ ਗਾਇਕਾਂ ਦੀਆਂ ਬੇਸੁਰੀਆਂ ਪੇਸ਼ਕਾਰੀਆਂ ਨੂੰ ਵੀ ਸੁਰ ਕਰ ਦਿੱਤਾ ਹੈ।

ਹਜ਼ਾਰਾਂ ਹੀ ਕੀਰਤਨੀਏ ਹਰਮੋਨੀਅਮ ਨਾਲ ਕੀਰਤਨ ਕਰਦੇ ਹਨ। ਪੁਰਾਣੇ ਰਾਗੀਆਂ ਵਿਚ ਕਈ ਨਾਮ ਵਰ ਕੀਰਤਨੀਏ ਹਰਮੋਨੀਅਮ ਨਾਲ ਕੀਰਤਨ ਕਰਨ ਵਿਚ ਸੌਖ ਮਹਿਸੂਸ ਕਰਦੇ ਰਹੇ ਹਨ। ਜਿਵੇਂ ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ, ਭਾਈ ਜਵਾਲਾ ਸਿੰਘ, ਭਾਈ ਚਾਂਦ ਆਦਿ।

ਗੁਰਮਤਿ ਸੰਗੀਤ ਦੀ ਪੁਨਰ ਸੁਰਜੀਤੀ ਨਾਲ ਤੰਤੀ ਸਾਜ਼ਾਂ ਵਿਚ ਰੁਝਾਨ ਦਾ ਵਾਧਾ ਸਲਾਹੁਣਯੋਗ ਹੈ। ਇਸ ਵੇਲੇ ਕੁਝ ਕੀਰਤਨੀਏ ਵਿਖਾਵੇ ਲਈ ਹੀ ਸਹੀ ਤੰਤੀ ਸਾਜ਼ਾਂ ਨਾਲ ਕੀਰਤਨ ਕਰਦੇ ਹਨ ਅਸੀਂ ਉਹਨਾਂ ਦੀ ਵੀ ਸ਼ਲਾਘਾ ਕਰਦੇ ਹਨ। ਪਰ ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਬੇਸੁਰਾ ਤੰਤੀ ਸਾਜ਼ ਵੀ ਕੀਰਤਨ ਦਾ ਪ੍ਰਭਾਵ

ਖਰਾਬ ਕਰਦਾ ਹੈ। ਹਰਮੋਨੀਅਮ ਨਾਲ ਸੁਰ ਗਿਆਨ ਸੌਖਾ ਹੋ ਜਾਂਦਾ। ਇਸ ਲਈ ਬਹੁਤੇ ਸੰਗੀਤ ਕਲਾਕਾਰ ਇਸ ਨੂੰ ਅਪਣਾਉਣ ਲੱਗ ਪਏ। ਇਹ ਇੰਝ ਹੀ ਹੈ ਜਿਵੇਂ ਸਵਾਰੀ ਸਾਧਨਾ ਨੇ ਮਨੁੱਖਾਂ ਵਿਚ ਪੈਦਲ ਤੁਰਨ ਦੀ ਰੁਚੀ ਘਾਟਾ ਦਿੱਤੀ ਹੈ, ਕੈਲਕੂਲੇਟਰ ਕਾਰਨ ਪਹਾੜੇ ਯਾਦ ਕਰਨ ਦੀ ਲੋੜ ਨਹੀਂ ਰਹੀ, ਬਿਜਲੀ ਦੇ ਪੱਖਿਆਂ ਨੇ ਹੱਥ ਪੱਖੀਆਂ ਦੀ ਲੋੜ ਖਤਮ ਕਰ ਦਿੱਤੀ ਹੈ...। ਜੇ ਕਿਸੇ ਸਾਜ਼ ਨਾਲ ਸਾਡੀ ਪੇਸ਼ਕਾਰੀ ਵਿਚ ਵਾਧਾ ਹੁੰਦਾ ਹੈ, ਉਸ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ।

ਹਰਮੋਨੀਅਮ ਨੂੰ ਇਸ ਕਰਕੇ ਭੰਡਿਆ ਜਾਂਦਾ ਹੈ ਕਿ ਇਸ ਵਿਚ ਸ਼ੁਰੂਤੀਆਂ ਨਹੀਂ ਨਿਕਲਦੀਆਂ। ਵਿਚਾਰਨ ਵਾਲੀ ਗੱਲ ਹੈ ਕਿ ਕਿੰਨੇ ਕੁ ਰਾਗਾਂ ਵਿਚ ਸ਼ਰੁਤੀਆਂ ਦਾ ਪ੍ਰਯੋਗ ਹੁੰਦਾ ਹੈ। ਕਿੰਨੇ ਕੁ ਗਵਈਏ ਸ਼ਰੂਤੀਆਂ ਅਨੁਸਾਰ ਗਾਇਨ ਕਰਦੇ ਹਨ। ਅੱਜ ਕੱਲ ਸ਼ੁੱਧ ਕੋਮਲ ਅਤੇ ਤੀਬਰ ਸੁਰਾਂ ਦੀ ਪਛਾਣ ਦਾ ਚੱਜ ਨਾਲ ਹੋ ਜਾਵੇ ਤਾਂ ਵੀ ਗਨੀਮਤ ਹੈ। ਇਹ ਵੀ ਕਹਿਣਾ ਗਲਤ ਨਹੀਂ ਹੋਵੇਗਾ ਕਿ ਕਈ ਨਵੇਂ ਗਾਇਕ ਹਰਮੋਨੀਅਮ ਨਾਲ ਹੀ ਸੁਰ ਗਿਆਨ ਤਕ ਸੀਮਤ ਰਹਿ ਜਾਂਦੇ ਹਨ ਜੋ ਸਹੀ ਸੁਰ ਗਿਆਨ ਲਈ ਉਚਿਤ ਨਹੀਂ।

ਖੈਰ ਇਸ ਵਿਚ ਹਰਮੋਨੀਅਮ ਦਾ ਦੋਸ਼ ਨਹੀਂ। ਇਸ ਦੀ ਜ਼ਿੰਮੇਵਾਰੀ ਤਾਂ ਗਾਇਨ ਕਰਨ ਵਾਲਿਆਂ ਦੇ ਸਿਰ ਹੈ।

ਕਈ ਹਰਮੋਨੀਅਮ ਨੂੰ ਤੰਤੀ ਸਾਜ਼ਾਂ ਦਾ ਦੁਸ਼ਮਣ ਮੰਨਦੇ ਹਨ। ਪਰ ਜਿਵੇਂ ਕਿ ਪਹਿਲਾਂ ਕਹਿ ਚੁੱਕੇ ਹਾਂ ਮਨੁੱਖ ਦੀ ਬਿਰਤੀ ਹਮੇਸ਼ਾ ਆਸਾਨੀ ਨਾਲ ਕੀਤੇ ਜਾਣ ਵਾਲੇ ਕੰਮਾਂ ਵੱਲ ਵਧੇਰੇ ਹੁੰਦੀ ਹੈ। ਤਰੱਕੀ ਵਿਚ ਮਨੁੱਖ ਦੀ ਸੁਖੇਨਤਾ ਨੂੰ ਹੀ ਮਹੱਤਵ ਦਿੱਤਾ ਜਾਂਦਾ ਹੈ।

ਤਾਰਾਂ ਵਾਲੇ ਤਾਨਪੁਰੇ ਦੀ ਥਾਂ ਇਲੈਕਟ੍ਰਾਨਿਕ ਤਾਨਪੁਰਾ ਆ ਗਿਆ ਹੈ। ਪਰ ਇਸ ਲਈ ਹਰਮੋਨੀਅਮ ਬਾਰੇ ਭੰਡੀ ਪ੍ਰਚਾਰ ਨਾਜਾਇਜ਼ ਹੈ। ਹਰਮੋਨੀਅਮ ਵਜਾਉਣ ਅਤੇ ਇਸ ਨਾਲ ਗਾਇਨ ਜਾਂ ਕੀਰਤਨ ਵੀ ਚੰਗਾ ਹੋ ਸਕਦਾ ਹੈ। ਇਸ ਗੱਲ ਨੂੰ ਮੰਨਣ ਤੋਂ ਵੀ ਗੁਰੇਜ਼ ਨਹੀਂ ਕਰਨਾ ਚਾਹੀਦਾ।

ਤੰਤੀ ਸਾਜ਼ਾਂ ਦੀ ਪ੍ਰਫੁੱਲਤਾ ਲਈ ਹੋਰ ਵਧੇਰੇ ਲਗਨ, ਮਿਹਨਤ ਲੋੜੀਂਦੀ ਹੈ ਅਤੇ ਇਹਨਾਂ ਨੂੰ ਵਜਾਉਣ ਵਾਲਿਆਂ ਨੂੰ ਵਧੇਰੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

**ਇਹ ਕੁਝ ਹਰਮੋਨੀਅਮ ਬਾਰੇ ਬੋਲ ਕੁਬੋਲ ਬੋਲਣ ਤੋਂ ਬਿਨਾਂ ਵੀ ਕੀਤਾ ਜਾ ਸਕਦਾ ਹੈ।**

ਤੁਹਾਡਾ ਕੀ ਵਿਚਾਰ ਹੈ?

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਕੀਰਤਨ ਕੋਈ ਗਾਵੈ ਕੋ ਸੁਣੈ

## ਕਰਤਾਰ ਸਿੰਘ ਨੀਲਧਾਰੀ

ਭਗਤ ਨਾਰ ਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥
ਰਾਗ ਰਾਗਨੀ ਡਿੰਭ ਹੋਇ ਬੈਠਾ ਉਨ ਹਰਿ ਪਹਿ ਕਿਆ ਲੀਨਾ (ਸੋਰਠਿ-ਕਬੀਰ-654)

ਭਾਰਤੀ ਸ਼ਾਸ਼ਤਰਾਂ ਵਿਚ ਨਾਰਦ ਦੇ ਭਗਤੀ-ਸੂਤਰ ਗ੍ਰੰਥ ਵਿਚ ਕੇਵਲ 84 ਵਾਕ ਹਨ। ਭਗਤੀ ਮਾਰਗ ਦਾ ਗਿਆਨ ਦੇਣ ਵਾਲਾ ਇਹ ਸਰਬ ਸ੍ਰੇਸ਼ਟ ਗ੍ਰੰਥ ਮੰਨਿਆ ਜਾਂਦਾ ਹੈ। ਚੌਰਾਸੀ ਸੂਤਰਾਂ (ਵਾਕਾਂ) ਵਿਚ ਨਵਧਾ ਭਗਤੀ ਦਾ ਰਹੱਸ ਸੰਖੇਪ ਸਾਰ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ। ਭਗਤੀ ਦੇ ਨਾਮ ਤੇ ਰਾਗ ਰਾਗਨੀਆਂ ਵਿਚ ਭਗਤੀ ਗੀਤ ਗਾ ਕੇ ਜਿਹੜੇ ਰੋਜ਼ਗਾਰ ਬਣਾ ਬੈਠੇ ਹਨ ਉਨ੍ਹਾਂ ਨੂੰ ਪ੍ਰਭੂ ਤੋਂ ਕੁਝ ਭਗਤੀ ਰਸ ਨਹੀਂ ਮਿਲ ਸਕਦਾ। ਇਸ ਆਡੰਬਰ ਪ੍ਰਤੀ ਗੁਰਬਾਣੀ ਵਿਚ ਨਿਤਨੇਮੀ ਆਸਾ ਦੀ ਵਾਰ ਦੇ ਕੀਰਤਨ ਵਿਚ ਗਾਂਵਿਆ ਸੁਣਿਆ ਜਾਂਦਾ ਹੈ :-

ਛੰਤ- ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ, ਨਹੀਂ ਹਰਿ ਹਰਿ ਭੀਜੈ ਰਾਮ ਰਾਜੇ"
ਜਿਨਾਂ ਅੰਤਰਿ ਕਪਟੁ ਵਿਕਾਰੁ ਹੈ, ਤਿਨਾ ਰੋਇ ਕਿਆ ਕੀਜੈ ?
(ਕਿਉਂਕਿ) ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ"
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥

ਇਸ ਦੇ ਨਾਲ ਤਤਕਾਲੀਨ ਅਵਤਾਰ ਲੀਲਾ ਗਾਇਨ ਪਰੰਪਰਾ (ਜੋ ਅਜਕਲ ਪ੍ਰਸਾਰ ਸਾਧਨਾਂ ਨਾਲ ਹੋਰ ਵੀ ਪ੍ਰਫੁੱਲਿਤ ਹੋ ਚੁੱਕੀ ਹੈ) ਦੇ ਬਾਰੇ ਗੁਰਮਤਿ ਸਿਧਾਂਤ ਇੰਞ ਦ੍ਰਿੜਾਇਆ ਜਾਂਦਾ ਹੈ।

ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥ ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ...
ਵਾਇਨ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨਿ ਸਿਰਿ ॥
ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆਂ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥

ਅਜੇਹੇ ਬਾਜਾਰੀ ਸਮਾਗਮਾ ਦਾ ਇਕੋ ਇਕ ਮੰਤਵ ਬਾਜਾਰੀ ਕਰਣ ਹੀ ਹੁੰਦਾ ਹੈ। ਅਜੋਕੇ ਪ੍ਰਸਾਰ ਮਾਧਿਅਮਾਂ ਵਿਚ ਐਸੇ ਕਥਾ ਕੀਰਤਨ ਵਿਸ਼ੇਸ਼ਗਾਂ ਨੇ ਇਸ ਵਿਧਾ ਨੂੰ ਉਦਯੋਗੀ ਸਾਮਰਾਜਾਂ ਵਿਚ ਸਥਾਪਿਤ ਕਰ ਲਿਆ ਹੈ। ਇਸ ਕਾਰਨ ਕਿਸੇ ਧਾਰਮਿਕ ਕ੍ਰਾਂਤੀ ਜਾਂ ਮਾਨਸਿਕ ਪਰਿਵਰਤਨਾਂ ਦੀ ਆਸ ਕਰਨੀ ਮਹਿਜ਼ ਯੂਟੋਪੀਆ (ਸੁਪਨ ਖਿਆਲੀ ) ਹੀ ਹੈ ।

ਜੇਕਰ ਕੋਈ ਗਾਇਕ (ਕੀਰਤਨੀਆਂ) ਹਿਰਦੇ ਨਾਲ ਗਾਏ ਅਤੇ ਸ੍ਰੋਤਾ ਵੀ ਮਨ ਕਰਕੇ ਸ੍ਰਵਣ ਕਰੇ ਤਾਂ ਇਹ ਕੀਰਤਨ ਸ੍ਰੋਤਾ ਮਨ ਨੂੰ ਸਥਿਰਤਾ ਦੇਕੇ ਪ੍ਰਭੂ ਉਪਮਾ ਅਤੇ ਅਰਦਾਸ ਵਿਚ ਜੋੜਦਾ ਹੈ। ਐਸੇ ਕੀਰਤਨ ਨਾਲ ਜੁੜਕੇ ਸ੍ਰੋਤਾ ਜਿਗਿਆਸੂ ਮਨ ਦੀ ਅਡੋਲਤਾ (ਬਿਸ੍ਰਾਮ) ਵੱਲ ਵੱਧਦਾ ਹੈ। ਇਸ ਬਿਸ੍ਰਾਮ ਦਾ ਸਿਖਰ ਇੰਞ ਸਥਾਪਿਤ ਕੀਤਾ ਗਿਆ ਹੈ -

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥

ਭਗਤੀ ਮਾਰਗ ਵਿਚ ਨਾਮ ਸਿਮਰਨ ਦੀ ਪ੍ਰਫੁੱਲਤਾ ਅਤੇ ਸਫਲਤਾ ਉਦੋਂ ਹੀ ਮੰਨੀ ਜਾਂਦੀ ਹੈ ਜਦੋਂ ਨਾਮ (ਸ਼ਬਦ-ਅੱਖਰ) ਹਿਰਦੇ ਦੀ ਧੜਕਣ ਵਿਚ ਰਚ ਮਿਚ ਜਾਂਦੇ ਹਨ। ਐਸੇ ਭਜਨੀਕ ਦੇ ਲਈ ਹੀ ਇਹ ਗੁਰਬਾਣੀ ਗੁਰਮਤਿ ਸਿਧਾਂਤ ਕ੍ਰਿਯਾਤਮਕ ਆਦਰਸ਼ ਬਣਦਾ ਹੈ-

ਊਠਤ ਸੁਖੀਆ ਬੈਠਤ ਸੁਖੀਆ॥ ਭਉ ਨਹੀਂ ਲਾਗੈ ਜਾਂ ਐਸੇ ਬੁਝੀਆ ॥ (1136)
ਬਾਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਇਆ॥
ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ ॥ (817)

ਹਿਰਦੇ ਨਾਲ ਜੁੜਿਆ ਸਿਮਰਨ ਹੀ ਭਜਨ-ਕੀਰਤਨ ਕਿਹਾ ਜਾਂਦਾ ਹੈ। ਤਨ ਮਨ ਨਾਲ ਕੀਰਤਨ ਨਾਲ ਜੁੜ ਕੇ ਰਾਗ ਬੱਧ ਗੁਰਬਾਣੀ ਸ਼ਬਦ ਹਿਰਦੇ ਦਾ ਛੇਤੀ ਹੀ ਨਾਦ (ਭਜਨ) ਬਣ ਜਾਂਦਾ ਹੈ। ਉਸ ਸਮੇਂ ਅੱਖਰਾਤੀਤ ਸੁੱਖ ਜਾਂ ਅੰਮ੍ਰਿਤਧਾਰੀ ਮੌਤ ਦੇ ਭੈ ਤੋਂ ਰਹਿਤ ਆਨੰਦ ਰਸ ਦੀ ਪ੍ਰਾਪਤੀ ਹੁੰਦੀ ਹੈ।

ਰਾਗ ਰਤਨ ਪਰੀਆ ਪਰਵਾਰ॥ ਤਿਸੁ ਵਿਚਿ ਉਪਜੈ ਅੰਮ੍ਰਿਤ ਸਾਰ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ॥ ਜੇ ਕੋ ਬੁਝੈ ਏਹੁ ਬੀਚਾਰ॥ (ਆਸਾ ਪਹਿਲਾ-351)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਿੰਨ ਦਿਨ ਵੇਈਂ ਨਦੀ ਰਾਹੀਂ ਸਚਖੰਡ ਦੀ ਯਾਤਰਾ ਤੋਂ ਮੁੜ ਕੇ ਇਹੋ ਅਗੰਮੀ ਬੋਲਾ ਕੀਤਾ ਸੀ ਨਾ ਕੋ ਹਿੰਦੂ ਨਾ ਕੋ ਮੁਸਲਮਾਨ। " ਇਸ ਅਦਵੈਤ ਸੰਦੇਸ਼ ਕਾਰਨ ਗੁਰੂ ਜੀ ਨੂੰ ਮਸੀਤ ਵਿਚ ਚਲ ਕੇ ਨਮਾਜ ਪੜਨ ਲਈ ਕਿਹਾ ਗਿਆ। ਗੁਰੂ ਜੀ ਨਮਾਜ ਵਿਚ ਅਡੋਲ ਖਲੋਤੇ ਰਹੇ। ਨਵਾਬ ਦੇ ਇਤਰਾਜ਼ ਦਾ ਉਤੱਰ ਦਿੱਤਾ -ਨਵਾਬ ਤੂੰ ਤਾਂ ਕਾਬੁਲ ਦੀ ਘੋੜਾ ਮੰਡੀ ਵਿਚ ਵਿਚਰ ਰਿਹਾ ਸੀ। ਫੇਰ ਕਾਜ਼ੀ ਦੀ ਨਿਸ਼ਾ ਕਰਾਈ-ਕਾਜ਼ੀ ਤੇਰੇ ਘਰ ਘੋੜੀ ਨੇ ਵਛੇਰਾ ਦਿੱਤਾ ਹੈ ਤੂੰ ਸੋਚ ਰਿਹਾ ਸੈਂ ਕਿ ਵਛੇਰਾ ਵੇਹੜੇ ਦੇ ਖੂਹ ਵਿਚ ਨਾ ਡਿੱਗ ਜਾਏ। ਗੁਰੂ ਜੀ ਨੇ ਪੁਛਿੱਆ ਮੈਂ ਕਿਸ ਦੇ ਮਗਰ ਲਗ ਕੇ ਇਬਾਦਤ ਕਰਦਾ ? ਦੋਵੇਂ ਲਾਜੁਆਬ ਹੋ ਗਏ। ਗੁਰੂ ਜੀ ਦਾ ਪਹਿਲਾ ਉਪਦੇਸ਼ ਇਹੋ ਸੀ - ਕੋਈ ਵੀ ਸਾਧਨਾ, ਬੰਦਗੀ ਜਾਂ ਇਬਾਦਤ ਮਨ ਦੀ ਹਾਜ਼ਰੀ ਤੋਂ ਬਗੈਰ ਸਫਲ ਤੇ ਸਕਾਰਥ ਨਹੀਂ ਹੁੰਦੀ।

ਗੁਰਬਾਣੀ ਵਿਚ ਜੋ ਉਪਦੇਸ਼ ਦਿਤੇ ਗਏ ਹਨ ਉਹ ਅਧਿਕਤਰ ਸਿੱਧੇ ਤੌਰ ਤੇ ਮਨ ਨੂੰ ਸੰਬੋਧਿਤ ਹਨ ਜਾਂ ਮਾਨਸਿਕਤਾ ਪਰੀਵਰਤਨ ਲਈ ਪ੍ਰੇਰਿਤ ਕਰਨ ਵਾਲੇ ਹਨ। ਸਿਮਰਨ, ਪਾਠ ਕਰਦਿਆਂ ਜ਼ਰੂਰੀ ਹੈ ਕਿ ਮਨ ਨੂੰ ਸ੍ਰੋਤਾ ਬਣਾ ਕੇ ਗੁਰੂ (ਬਾਣੀ) ਨੂੰ ਸੁਣਿਆ ਜਾਵੇ। ਐਸੇ ਕੀਰਤਨ ਦੀ ਪਵਿਤਰਤਾ ਵਿਚ ਰਾਗ-ਰਾਗਨੀ-ਪਰਵਾਰ (ਅਪਸਰਾਵਾਂ ਅਤੇ ਸਾਜ਼ੀ ਗੰਧਰਵ-ਇਕ ਪ੍ਰਭੂ ਉਪਮਾ ਦੇ ਗਾਇਕ) ਸਮਾਹਿਤ ਹੋ ਜਾਂਦੇ ਹਨ। ਸੱਚਾ ਕੀਰਤਨ ਹੀ ਸੱਚਾ ਭਗਤੀ ਯੋਗ ਬਣਦਾ ਹੈ। ਇਹ ਕੀਰਤਨ ਅਕਾਲ ਪੁਰਖ ਦਾ ਆਹਾਰ ਹੈ ਜਿਸਦੇ ਸੋਦਰੁ-ਸੋਘਰੁ ਤੇ ਉਸਦੇ ਬਣਾਏ ਸ੍ਰਿਸ਼ਟੀ-ਪ੍ਰਕਿਰਤੀ ਸੰਚਾਲਕ ਸਦਾ ਗਾ ਰਹੇ ਹਨ। ਇਸ ਆਤਮ ਪ੍ਰਕਾਸ਼ ਨਾਲ ਜੁੜਨ ਲਈ ਹਰ ਹਾਲ ਮਨ ਦੀ ਹਾਜ਼ਰੀ ਹੋਣ ਦੀ ਪਹਿਲੀ ਸ਼ਰਤ ਜੁੜੀ ਹੈ। ਫੇਰ ਇਹੀ ਆਤਮ ਅਨੁਭਵ ਸਾਕਾਰ ਹੁੰਦਾ ਹੈ।

ਜਪੁ ਸਿਰਲੇਖ ਨਾਲ ਸ਼ੁਰੂ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਜਾ ਮੂਲ ਬਾਣੀ ਦੀਆਂ ਪਹਿਲੀਆਂ ਦੋ ਪਉੜੀਆਂ ਵਿਚ ਕੂੜ ਨਾਲੋਂ ਪਾਲਿ ਤੋੜ ਕੇ ਸਚਿਆਰ ਹੋਣ ਲਈ ਹੁਕਮ ਰਜਾਈ ਹੋਣ ਦਾ ਸਿਧਾਂਤ ਦਾ ਸਿੱਧ ਕਰਨ ਲਈ ਹਉਮੈਂ ਦੇ ਪੂਰਨ ਨਾਸ਼ ਹੋਣ ਲਈ ਸ਼ਰਤ ਰੱਖੀ ਗਈ ਹੈ। ਇਸ ਗੁਰਬਾਣੀ ਵਿਚ ਗੁਰਮਤਿ ਸਿਧਾਂਤ ਉਤੇ ਉਸਾਰੇ ਸਿੱਖ ਧਰਮ ਨੂੰ ਪ੍ਰਭੂ ਭਗਤੀ ਨਾਲ ਜੋੜਨ ਲਈ ਤੀਜੀ ਪਉੜੀ ਗਾਵੈ (ਕੀਰਤਨ) ਦੀ ਅਨੰਤਤਾ ਅਤੇ ਅਸੀਮਤਾ ਨਾਲ ਜੋੜਦੀ ਹੈ। ਭਗਵਤ ਗੀਤਾ ਵਿਚ ਜਿਸ ਭਗਤੀ ਯੋਗ ਦਾ ਸੰਖੇਪ ਜ਼ਿਕਰ ਹੋਇਆ ਹੈ ਉਸ ਦੀ ਪੂਰਨਤਾ ਨਾਰਦ ਦੇ ਭਗਤੀ ਸੂਤਰਾਂ ਵਿਚ ਹੋਈ ਹੈ। ਜਪੁਜੀ ਸਾਹਿਬ ਵਿਚ ਜਪੁ ਯੋਗ ਦੀ ਸਥਾਪਨਾ ਕਰਕੇ ਗੁਰੂ ਜੀ ਨੇ ਦੋਹਾਂ ਗ੍ਰੰਥਾਂ ਦਾ ਗਿਆਨ ਸਮਾਹਿਤ ਕਰਦੇ ਹਉਮੈ ਤਿਆਗ ਨੂੰ ਸਰਬੋਚ ਕਰਮਯੋਗ ਨਿਰਧਾਰਤ ਕਰਕੇ ਰਾਜ ਜੋਗ ਦਾ ਰਾਜ ਮਾਰਗ ਵਿਸ਼ਵ ਮਾਨਵਤਾ ਨੂੰ ਦਿੱਤਾ ਹੈ।

C/o Gurdial Singh Rajinder Singh # 162-A, Grain Market, Sector 26 , Chandigarh M : 988821336

# ਪ੍ਰਤੀਕਰਮ

ਭਗਵੰਤ ਸਿੰਘ, ਮੋ: 09910600199

Thanks for the September 2012. It is a pleasure to read the nice articles in it especially your "Bhai Randhir Singh ji da Kirtan Manorath and Kirtan Jugti and Dr. Gurnam Singh "Guru Ghar de Dhadi Natha Te Abdula" are very interesting, informative and Educative value. May Wahe Guru ji bless all of your wisdom, health and strength to carry on His Kirtan Sewa more and more with vigour.

2. But I am a bit disturbed to read in "Karo Banantia" that it had not been allowed to perform the Kirtan of "SUDD" by a concerned Granthi where you went to do Kirtan at the Bhog of a departed soul. In fact, most of the present days Ragis, Granthis, Katha wachaks, Gurudwara's Committee Staff and Management officials and general Sadh Sangat do not know the Rahit Maryada i.e. Sikh Code of conducts, custom and tradition. Strongly enough, on what occasion, which shabad should be sing and appropriate Gurbani. Path renders is needed, require importance of this time.

3. I have been in active Nishakam Gurbani Parehar Sewak after my retirement in 1992 and running the expentureless Sub-Office of Delhi of the Sanstha Gurbani Iss Jag Meh Chanan, Mohali. From my experience of 20 years, I have gathered a disappointed figure i.e. 96% from the Sadh Sangat of all category & ages who visited our stall, a two minutes walk from the main Hall, after paying their obeisence before Sri Guru Granth Sahib, unable to tell "What was the Maha-Waak of the day or which Shabad they heard?" This is a critical situation in sikh religious affair and day by day we have gone far away from Shabad Guru Gurbani. The onus and remedy lies in our Ragis, Granthi and Parcharks hands. They should not take care of the party concerned directive's. But do Kirtan, Katha and Path in accordance with the tradition set up and started by our great Guru Sahiban's. This

is the needs of the present time.

4. As regards to the Kirtan of "Sudd" it is a very long and beyond my capacity to narate all in detail briefly:

## ਰਾਮ ਕਲੀ "ਸਦੁ"

ਸਦੁ ਦੇ ਅਰਥ ਹਨ ਸੁਨੇਹਾ, ਬੁਲਾਵਾ। ਇਹ ਫਾਰਸੀ ਸ਼ਬਦ ਹੈ ਤੇ ਇਸ ਤੋਂ ਹੀ ਸੱਦੇ, ਸੱਦੜੇ, ਸਦੱੜਾ ਸ਼ਬਦ ਰੂਪਮਾਨ ਹੋਏ ਹਨ। ਜਿਸ ਤਰ੍ਹਾਂ 'ਸਦ' ਇਕ ਸੌ ਦੀ ਗਿਣਤੀ ਵੀ ਹੈ; ਸੱਦ ਇਕ ਪ੍ਰਕਾਰ ਦਾ ਪੰਜਾਬੀ ਗੀਤ ਹੈ, ਜੋ ਲੰਮੀ ਉੱਚੀ ਹੇਕ ਨਾਲ ਗਾਇਆ ਜਾਂਦਾ ਹੈ। ਇਹ ਕੁਝ ਸੁਨੇਹੇ ਦੇਣ ਦਾ ਸੰਗੀਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਅਧਿਆਤਮਿਕ ਹੈ। ਪ੍ਰੰਤੂ ਕੁਝ ਐਸੀਆਂ ਬਾਣੀਆਂ ਵੀ ਹਨ, ਜੋ ਅਧਿਆਤਮਿਕ ਦੇ ਨਾਲ ਸਮਾਜਕ ਖੇਤਰ ਵਿਚ ਵੀ ਅਗਵਾਈ ਦਿੰਦੀਆਂ ਹਨ। ਸਚੁ ਬਾਣੀ ਸਿੱਖ ਸਮਾਜ ਦਾ ਅਨਿੱਖੜਵਾ ਅੰਗ ਹੈ।

ਇਹ ਬਾਣੀ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਨਾਲ ਸੰਬੰਧਤ ਹੈ। ਇਸ ਦੇ ਰਚਨਹਾਰੇ ਬਾਬਾ ਸੁੰਦਰ ਜੀ ਹਨ।ਜੋ ਰਿਸ਼ਤੇ ਵਜੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਪੜੋਤੇ, ਬਾਬਾ ਮੋਹਰੀ ਜੀ ਦੇ ਪੋਤਰੇ ਅਤੇ ਅਨੰਦ ਜੀ ਦੇ ਸਪੁੱਤਰ ਹਨ।

ਮੋਰਰੀ ਪੁਤ ਸਮਨੁਖ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਜਦੋਂ ਬਾਬਾ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਇਕੱਤਰ ਕਰਨ ਲਈ ਸ੍ਰੀ ਗੋਇੰਦਵਾਲ ਸਾਹਿਬ ਗਏ ਉਦੋਂ 'ਸਦ' ਬਾਣੀ ਆਪ ਜੀ ਨੂੰ ਪ੍ਰਾਪਤ ਹੋਈ, ਜੋ ਇਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੯੨੩ ਸਸ਼ੋਭਤ ਹੈ।ਸੰਸਾਰੀ ਲੋਕ ਮੌਤ ਦਾ ਨਾਂ ਸੁਣਦਿਆਂ ਹੀ ਠਠੰਬਰ ਜਾਂਦੇ ਹਨ ਅਤੇ ਇਸ ਨੂੰ ਕੋਈ ਸਵੀਕਾਰ ਨਹੀਂ ਕਰਦਾ ਪ੍ਰੰਤੂ:

ਹੁਕਮੇ ਆਵੈ ਹੁਕਮੇ ਜਾਇ॥ (ਅੰਗ ੧੫੧)

ਇਸ ਨਾਲ ਮੌਤ ਦਾ ਸਮਾਂ ਨੀਯਤ ਹੈ। ਇਸ ਜਹਾਨ ਫਾਨੀ ਵਿਚ ਲੋਕ ਜੰਮਣ ਮਰਣ ਲਈ ਹੀ ਆਉਂਦੇ ਹਨ, ਜੈਸੇ: ਜੰਮਣਾ, ਮਰਨਾ ਸਭ ਕੁਝ ਕਰਤਾਰ ਦੀ ਰਜ਼ਾ ਅਤੇ ਉਸ ਦੇ ਹੁਕਮ ਅੰਦਰ ਹੈ। ਆਪਣੀ ਮਰਜ਼ੀ ਨਾਲ ਸੰਸਾਰ ਵਿਚ ਨ ਕੋਈ ਆਉਂਦਾ ਹੈ ਨਾ ਜਾਂਦਾ ਹੈ। ਇਹ ਸਭ ਨਿਰੰਕਾਰ ਦੇ ਹੱਥ ਹੈ। ਜੈਸੇ: ਜੋ ਇਸ ਖੇਲ ਨੂੰ ਸਮਝ ਗਏ ਹਨ, ਉਹ ਭਗਵੰਤ ਭਗਤ ਗੁਰਸਿੱਖ ਮੌਤ ਤੋਂ ਨਹੀਂ ਡਰਦੇ ਅਤੇ ਹਸ ਹਸ ਕੇ ਇਸ ਨੂੰ ਪ੍ਰਵਾਨ ਕਰਦੇ ਹਨ: ਕਬੀਰ ਜੀ ਆਖਦੇ ਹਨ ਕਿ ਜਿਸ ਮੌਤ ਤੋਂ ਜਗਤ ਡਰਦਾ ਹੈ; ਉਸ ਮੌਤ ਲਈ ਮੇਰੇ ਮਨ ਵਿਚ ਆਨੰਦ ਹੈ ਅਤੇ ਮਰਨੇ ਨਾਲ ਹੀ ਪੂਰਨ ਪਰਮਨੰਦ (ਪ੍ਰਭੂ) ਪ੍ਰਾਪਤ ਹੁੰਦਾ ਹੈ।

"ਕਬੀਰ ਜਿਸ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥

204-ਡੀ, ਗਲੀ ਨੰ: 36, ਅਰਜਨ ਨਗਰ, ਸਫਦਰਜੰਗ ਐਨਕਲੇਵ, ਨਵੀਂ ਦਿੱਲੀ-110029, ਫੋਨ : 26180398

# ਸੀਸ ਦੀਆ ਪਰ ਸਿਰੁ ਨਾ ਦੀਆ

**ਕਰਮ ਸਿੰਘ ਰਤਨ**

ਸਿਰਰ-ਸਿਰੜ ਇਕ ਪੰਜਾਬੀ ਦਾ ਆਮ ਲਫਜ਼ ਹੈ ਕਿ ਅਹਿ ਬੰਦਾ ਬਹੁਤ ਸਿਰੜੀ ਹੈ, ਇਹ ਬੰਦਾ ਜਿਸ ਕੰਮ ਨੂੰ ਹੱਥ ਪਾਵੇ, ਉਹ ਪੂਰਾ ਕਰ ਕੇ ਹੀ ਦਮ ਲੈਂਦਾ ਹੈ। ਅਰਥਾਤ ਇਹ ਆਪਣੀ ਧੁਨ ਦਾ ਪੱਕਾ ਹੈ, ਜੋ ਮਨ ਵਿਚ ਧਾਰ ਲਿਆ, ਉਸ ਨੂੰ ਪੂਰਾ ਕਰ ਕੇ ਹੀ ਛਡਦਾ ਹੈ। ਭਾਵੇਂ ਉਸ ਕੰਮ ਵਿਚ ਕਿਤਨੇ ਵੀ ਦੁੱਖ ਤੇ ਔਕੜਾਂ ਆ ਜਾਣ।

ਸੋ ਇਸੇ ਲਈ ਸਾਡੇ ਗੁਰੂ ਸਾਹਿਬਾਂ ਨੇ ਸਾਨੂੰ ਇਹੀ ਸਿੱਖਿਆ ਦਿੱਤੀ ਹੈ ਕਿ ਅਣਖ ਨਹੀਂ ਛੱਡਣੀ, ਭਾਵੇਂ ਕਿਤਨੀ ਵੀ ਕੁਰਬਾਨੀ ਦੇਣੀ ਪਵੇ, ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਬਾਣੀ ਵਿਚ, ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਕਥਾ ਲਿਖਦਿਆਂ ਇਹ ਉਪਰੋਕਤ ਪੰਗਤੀ ਲਿਖੀ ਹੈ (ਧਰਮ ਹੇਤ ਸਾਕਾ ਜਿਨ ਕੀਆ/ ਸੀਸ ਦੀਆ ਪਰ ਸਿਰਰੁ ਨ ਦੀਆ) ਏਥੇ ਸਿਰਰੁ ਦਾ ਅਰਥ 'ਅਣਖ' ਜਾਂ ਮਿਸ਼ਨ ਹੈ। ਅਤੇ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਇਹ ਮਿਸ਼ਨ ਦਸ ਗੁਰੂ ਸਾਹਿਬਾਂ ਨੇ ਅਤੇ ਅੱਗੋਂ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਅਤੇ ਅੱਗੋਂ ਗੁਰੂ ਕੇ ਸਿੱਖਾਂ ਨੇ ਗੁਰੂ ਦੇ ਹੁਕਮ ਤੇ ਫੁੱਲ ਚਾੜਦਿਆਂ ਹੋਇਆਂ ਪੂਰੀ ਤਰ੍ਹਾਂ ਇਹ ਮਿਸ਼ਨ ਨਿਭਾਇਆ।

ਗੁਰੂ ਨਾਨਕ ਸਾਹਿਬ ਜੀ ਨੇ ਜਦੋਂ ਹਿੰਦੁਸਤਾਨ ਦੀ ਦੁਰਗਤੀ ਹੁੰਦੀ ਦੇਖੀ ਬਾਬਰ ਵਰਗੇ ਜ਼ਾਲਮ, ਹਿੰਦੁਸਤਾਨੀਆਂ ਨੂੰ ਮਾਰ ਕੇ ਤੇ ਇਹਨਾਂ ਦੀ ਇੱਜ਼ਤ ਤੇ ਅਣਖ ਅਤੇ ਸਰਮਾਇਆ ਸਭ, ਕੁਛ ਲੁੱਟ ਕੇ ਲੈ ਜਾਂਦੇ ਸਨ ਅਤੇ ਹਿੰਦੁਸਤਾਨੀ ਲੋਕ ਕੁਛ ਵੀ ਨਹੀਂ ਸੀ ਕਰ ਸਕਦੇ ਤੇ ਸਭ ਕੁਝ ਲੁਟਾ ਕੇ ਤੇ ਮਾਰ ਖਾ ਕੇ ਚੁੱਪ ਕਰ ਕੇ ਬਹਿ ਜਾਂਦੇ ਸਨ। ਇਹ ਦੁਗਰਤੀ ਦੇਖ ਕੇ ਸਤਿਗੁਰ ਜੀ ਨੇ ਪਰਮਾਤਮਾ ਨੂੰ ਉਲਾਂਭਾ ਦਿੱਤ ਕਿ (ਏਤੀ ਮਾਰ ਪਈ ਕੁਰਲਾਵੇ ਤੈਂ ਕੀ ਦਰਦ ਨ ਆਇਆ) ਆਸਾ ਮ: ੧ ਪੰਨਾ 360) ਅਤੇ ਪਰਮਾਤਮਾ ਨੂੰ ਕਿਹਾ ਕਿ (ਜੈ ਸਕਤਾ, ਸਕਤੇ ਕਉ ਮਾਰੇ, ਤਾ ਮਨ ਰੋਸ ਨਾ ਹੋਈ। ਆਸਾ ਮ: ੧ ਪੰਨਾ 360) ਕਿ ਹੇ ਪਰਮਾਤਮਾ ਜੇ ਤਕੜਾ ਬੰਦਾ ਤਕੜੇ ਬੰਦੇ ਨੂੰ ਮਾਰੇ ਫਿਰ ਤਾਂ ਕੋਈ ਗਿਲਾ ਨਹੀਂ, ਪਰ ਏਥੇ ਤਾਂ ਉਲਟ ਹੋ ਰਿਹਾ ਹੈ। ਤਕੜਾ ਬੰਦਾ ਮਾੜੇ ਬੰਦਿਆਂ ਨੂੰ ਮਾਰ ਰਿਹਾ ਹੈ। ਤਕੜਾ ਬੰਦਾ ਮਾੜੇ ਤੇ ਜ਼ੁਲਮ ਕਰ ਰਿਹਾ ਹੈ। ਇਹ ਦੇਸ ਦੀ ਹਾਲਤ ਵੇਖ ਕੇ ਗੁਰੂ ਨਾਨਕ ਜੀ ਨੇ ਇਹ ਮਿਸ਼ਨ ਆਪਣੇ ਮਨ ਵਿਚ ਪਕਾ ਕਰ ਲਿਆ ਤੇ ਨਿਸ਼ਚਾ ਕਰ ਲਿਆ ਕਿ ਭਾਰਤੀਆਂ ਨੂੰ ਅਣਖ ਨਾਲ ਜੀਵਣ ਦੀ ਜਾਚ ਸਿਖਾਣੀ ਹੈ ਅਤੇ ਇਹ ਤਾਂ ਹੀ ਹੋ ਸਕਦਾ ਹੈ, ਜੇ ਕਰ ਇਹ ਹਿੰਦੁਸਤਾਨੀਆਂ ਦੇ ਅੰਦਰੋਂ ਮਰਣ ਦਾ ਡਰ ਦੂਰ ਹੋ ਜਾਵੇ ਅਤੇ ਇਹ ਮਰਨ ਦਾ ਡਰ ਦੂਰ ਕਰਨ ਲਈ ਗੁਰੂ ਨਾਨਕ ਜੀ ਨੇ ਹੁਕਮ ਕੀਤਾ (ਜਉ ਤਉ ਪ੍ਰੇਮ ਖੇਲਣ ਕਾ ਚਾਉ)। ਸਿਰ ਧਰ ਤਲੀ ਗਲੀ ਮੋਹੀ ਆਉ। ਇਤ ਮਾਰਗ ਪੈਰ ਧਰੀਜੈ। ਸਿਰੁ ਦੀਜੈ ਕਾਣ ਨ ਕੀਜੈ (ਮ: ੧, ਪੰਨਾ 1412) ਅਰਥਾਤ - ਹੇ ਗੁਰੂ ਕੇ ਸਿੱਖਾਂ ਜੇ ਤੂੰ ਮੇਰੇ ਨਾਲ ਪ੍ਰੇਮ ਦੀ ਖੇਡ ਖੇਡਣੀ ਹੈ, ਮੇਰੇ ਨਾਲ

ਜੇ ਤੂੰ ਪ੍ਰੇਮ ਕਰਨਾ ਹੈ, ਤਾਂ ਪਹਿਲਾਂ ਮਰਣਾ ਕਬੂਲ ਕਰ ਕੇ ਆਪਣੀ ਸੀਸ ਆਪਣੇ ਹੱਥ ਦੀ ਤਲੀ ਤੇ ਰੱਖ ਕੇ, ਫਿਰ ਮੇਰੀ ਗਲੀ ਵਿਚ ਆਂਵੀ, ਅਤੇ ਇਸ ਰਸਤੇ ਤੇ ਜੇਕਰ ਤੂੰ ਕਦਮ ਰੱਖਣਾ ਹੈ, ਤਾਂ ਫਿਰ ਇਹ ਸੋਚ ਕੇ ਲੈ ਆਵੀਂ, ਕਿ ਜੇ ਸਿਰ ਦੇਣ ਦੀ ਵਾਰੀ ਆਵੇ ਤਾਂ ਪਿੱਛੇ ਨਹੀਂ ਹਟਣਾ ਅਤੇ ਕੋਈ ਬਹਾਨਾ ਨਹੀਂ ਬਨਾਣਾ ਤੇ ਨਾ ਹੀ ਮੌਤ ਤੋਂ ਡਰ ਕੇ ਪਿਛਣ ਦੀ ਕੋਸ਼ਿਸ਼ ਕਰਨੀ ਅਤੇ ਇਸ ਗੱਲ ਦੀ ਗਵਾਹੀ ਭਰਦੇ ਹੋਏ, ਪੰਜਵੇਂ ਗੁਰੂ ਨਾਨਕ, ਗੁਰੂ ਅਰਜਨ ਦੇਵ ਜੀ ਨੇ ਇਹ ਵਾਕ ਉਚਾਰੇ (ਪਹਿਲਾ ਮਰਣ ਕਬੂਲ ਜੀਵਣ ਕੀ ਛਡ ਆਸ। ਹੋਹੁ ਸਭਨ ਕੀ ਰੇਣਕਾ, ਤਉ ਆਓ ਹਮਾਰੇ ਪਾਸਿ) (ਪੰਨਾ 1102) ਅਰਥਾਤ ਸਭ ਤੋਂ ਪਹਿਲਾ ਆਪਣੇ ਹੰਕਾਰ ਨੂੰ ਮਾਰ ਕੇ ਜੀਵਣਾ ਸਿੱਖ ਤੇ ਹੰਕਾਰ ਮਾਰ ਕੇ ਹੀ ਸਭ ਮਨੁੱਖਤਾ ਦੇ ਚਰਨਾਂ ਦੀ ਧੂੜ ਬਣ ਸਕੇਂਗਾ। ਤੇ ਜਦੋਂ ਸਭ ਦੇ ਚਰਨਾਂ ਦੀ ਧੂੜ ਬਣ ਜਾਵੇਗਾ ਤਾਂ ਸਾਡੇ ਪਾਸ ਆਵੀਂ, ਅਸੀਂ ਤੈਨੂੰ ਮਨੁੱਖਾਂ ਵਾਲਾ ਜੀਵਨ ਤੇ ਅਣਖ ਵਾਲਾ ਜੀਵਨ ਜੀਣਾਂ ਸਿਖਾ ਦਿਆਂਗੇ ਅਤੇ ਜੋ ਸਭ ਨਾਲ ਪਿਆਰ ਕਰੇਗਾ ਤੇ ਸਭ ਦੇ ਚਰਨਾਂ ਦੀ ਧੂੜ ਹੋਵੇਗਾ, ਉਹ ਕਿਸੇ ਉੱਤੇ ਜ਼ੁਲਮ ਹੁੰਦਾ ਵੀ ਨਹੀਂ ਦੇਖ ਸਕੇਗਾ।

ਸੋ ਇਹ ਗੁਰੂ ਨਾਨਕ ਦਾ ਮਿਸ਼ਨ ਜਿਹਨਾਂ ਨੂੰ ਚੰਗਾ ਲੱਗਾ, ਪਿਆਰਾ ਲੱਗਾ, ਅੱਗੇ ਉਹੀ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਬਣੇ ਅਤੇ ਇਸੇ ਅਣਖ ਦੇ ਮਿਸ਼ਨ ਦੀ ਪੂਰਤੀ ਕਰਦਿਆਂ ਹੋਇਆ (ਪੰਜਵੇਂ ਗੁਰੂ ਨਾਨਕ) ਗੁਰੂ ਅਰਜਨ ਜੀ ਨੇ ਵੀ ਆਪਣੇ ਸਰੀਰ ਨੂੰ ਸਾੜ ਕੇ, ਇਸ ਮਿਸ਼ਨ ਨੂੰ ਪੂਰਾ ਕੀਤਾ ਅਤੇ ਗੁਰੂ ਘਰ ਨੂੰ ਨੀਵਾਂ ਨਹੀਂ ਹੋਣ ਦਿੱਤਾ। ਭਾਵੇਂ ਆਪਣੇ ਸਰੀਰ ਦੀ ਆਹੂਤੀ ਦੇ ਦਿੱਤੀ ਤੇ ਜਦੋਂ ਸਾਡੀ ਗੈਰਤ ਤੇ ਅਣਖ ਨੂੰ ਦੁਸ਼ਮਨਾਂ ਨੇ ਵੰਗਾਰਿਆ ਤਾਂ ਇਸੇ ਸੰਬੰਧ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ ਤਾਂ ਛੇਵੇ ਗੁਰੂ ਨਾਨਕ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਣਖ ਨੂੰ ਕਾਇਮ ਰੱਖਣ ਲਈ ਸਿੱਖਾਂ ਨੂੰ ਹੁਕਮ ਕਰ ਦਿੱਤਾ ਕਿ ਅੱਗੇ ਤੋਂ ਮੇਰਾ ਸਿੱਖ ਉਹ ਹੋਵੇਗਾ ਜੋ ਸਾਨੂੰ ਸ਼ਸਤਰ ਲਈ ਘੋੜੇ ਭੇਟਾ ਕਰੇਗਾ। ਆਪ ਵੀ ਛੇਵੇਂ ਪਾਤਸ਼ਾਹ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਲਈਆਂ। ਮੀਰੀ ਸ਼ਕਤੀ ਦੀ ਅਤੇ ਪੀਰੀ ਭਗਤੀ ਦੀ, ਕਿਉਂਕਿ ਸਮਾਂ ਐਸਾ ਆ ਗਿਆ ਸੀ ਜਦੋਂ ਕਿ ਭਗਤੀ ਦੇ ਨਾਲ ਸ਼ਕਤੀ ਦੀ ਵੀ ਜ਼ਰੂਰਤ ਸੀ। ਜਿੱਥੇ ਭਗਤੀ ਦਾ ਸੋਮਾ, ਭਗਤੀ ਦਾ ਕੇਂਦਰ, ਸ੍ਰੀ ਹਰਿ ਮੰਦਰ ਸਾਹਿਬ, ਉਥੇ ਸ਼ਕਤੀ ਦਾ ਪ੍ਰਤੀਕ, ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ, ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਰਚਨਾ ਕਰ ਦਿੱਤੀ ਅਤੇ ਨਾਲ ਚਾਰ ਜੰਗਾਂ ਵੀ ਜ਼ਾਲਮਾਂ ਨਾਲ ਲੜੀਆਂ ਜਿਹਨਾਂ ਨੇ ਸਾਡੀ ਅਣਖ ਨੂੰ ਵੰਗਾਰਿਆ ਸੀ। ਅਤੇ ਚਾਰ ਜੰਗ ਜਿੱਤ ਕੇ ਸਿੱਖ ਦੀ ਅਣਖ ਕਾਇਮ ਰੱਖ ਅਤੇ ਉਸ ਨੂੰ ਬਾਅਦ ਵਿਚ ਜਦੋਂ ਜ਼ਾਲਮਾਂ ਨੇ ਹਿੰਦੁਸਤਾਨੀਆਂ ਦੀ ਅਣਖ ਨੂੰ ਵੰਗਾਰਿਆ ਤੇ ਹਿੰਦੂ ਧਰਮ ਤੇ ਜ਼ੁਲਮ ਕਰਨਾ ਸ਼ੁਰੂ ਕਰ ਦਿੱਤਾ, ਤਾਂ ਨੌਵੇਂ ਗੁਰੂ ਨਾਨਕ, ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਸੀਸ ਦਾ ਬਲੀਦਾਨ ਦੇ ਕੇ ਇਹ ਸਿੱਧ ਕਰ ਦਿੱਤਾ ਕਿ ਅਸੀਂ ਸਿਰ ਕਟਾ ਤਾਂ ਸਕਦੇ ਹਾਂ, ਪਰ ਸਿਰ ਝੁਕਾ ਨਹੀਂ ਸਕਦੇ ਅਤੇ ਇਸੇ ਸੰਬੰਧ ਵਿਚ ਫਿਰ ਦਸਮ ਪਾਤਸ਼ਾਹ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਬਚਿਤ੍ਰ ਨਾਨਕ ਬਾਣੀ ਵਿਚ ਇਹ ਪੰਗਤੀਆਂ ਲਿਖਿਅਆਂ (ਤਿਲਕ ਜੰਞੂ ਰਾਖਾ ਪ੍ਰਭੂ ਤਾਕਾ॥ ਕੀਨੋ ਬਡੋ ਕਲ ਮਹਿ ਸਾਕਾ॥ ਸਾਧਨਿ ਹੇਤਿ ਇਤਿ ਜਿਨਿ ਕਰੀ। ਸੀਸ ਦੀਆ ਪਰ ਸੀ ਨਾ ਉਚਰੀ॥੧੩॥ ਧਰਮ ਹੇਤ ਸਾਕਾ ਜਿਨਿ ਕੀਆ॥ ਸੀਸ ਦੀਆ ਪਰ ਸਿਰਰੁ ਨ ਦੀਆ॥ (ਬਚਿਤ੍ਰ ਨਾ. ਪਾ. ੧੦) (...ਚਲਦਾ)

Simran Niwas, H. No. 425 Street No. 1, New Vasant Vihar, Kakowal Road **Ludhiana (Punjab) 141 008**

# Guru Nanak's Way of Self-Purification through Kirtan

**Parminder Singh Brar**

In all the religious systems the ultimate goal of life is to achieve union with God which relates to the spiritual domain and the mystic traditions of the world agree that God can be realized in inner-self. For internal purity, where the soul is free from all types of sin, evils and vices, one has to exert at personal level. So, we can observe that almost all the mystic traditions recommend asceticism which had been taken as the most effective way to get rid of vices in order to attain internal or self purity.

When Guru Nanak set out on his mission ascetics of various hues, organized into various orders, belonging to different religious denominations were propagating their variety of spirituality. He clearly criticized the practice of asceticism and the pessimism it generated. He did not agree with the Yogis, Sanyasis, Bairagis and others of their ilk who had adopted other-worldly attitude. Because some of them believed in renunciation and resultantly given up family life, and others were interested in different kinds of rituals, magic's, mantras, penances, *hath-yoga* practices to gain experience of union with God. But Guru Nanak clearly proclaims that these kinds of methods, mantras, magic, penances, rituals and yogic exercises cannot help to control the vices which are a priory to Mystical experience of the Divine.

Guru Nanak rejected those scriptures and deities which were intimately connected with his repudiation of the traditional practices and mode of worship. He sees no merit in pilgrimage for religious experience. Guru Nanak added that the true *tirath* is in the Name of the *God*.

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ (*S.G.G.S.* p. 687)

He addresses these ascetics that neither *jap* nor *tap*, nor living at *tiraths*, was of any use for the experience of the Holy.

ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ (*S.G.G.S.* p. 56)

The *tilak* used by *Pandits* is also useless, because the real *tilak* on one's forehead is belief in One Lord.

ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥

ਧੋਤੀ ਟਿਕਾ ਨਾਮੁ ਸਮਾਲਿ ॥ ਐਥੈਓਥੈਨਿਬਹੀ ਨਾਲਿ ॥

ਵਿਣੁ ਨਾਵੈਹੋਰਿ ਕਰਮ ਨ ਭਾਲਿ ॥ (*S.G.G.S.* p. 355)

So Guru Nanak condemns all kinds of rituals and asceticism. His attitude towards the Yogis is not essentially different from his attitude towards the *Pandits*. Several times they are mentioned together.

ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥ (*S.G.G.S.* p. 359)

He also condemns the ascetics who sit in desecrated places or in cremation grounds. In his opinion they are totally ignorant and deserve to be called fools.

ਮੂਰਖਿ ਅੰਧੈਪਤਿ ਗਵਾਈ ॥ ਵਿਣੁ ਨਾਵੈਕਿਛੁ ਥਾਇ ਨ ਪਾਈ ॥

ਰਹੈਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈਫਿਰਿ ਪਛੁਤਾਣੀ ॥

ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥

ਨਾਨਕ ਨਦਰਿ ਕਰੇ ਸੋ ਪਾਏ ॥

ਆਸ ਅੰਦੇਸੇ ਤੇ ਨਿਹਕੇਵਲੁ ਹਉਮੈਸਬਦਿ ਜਲਾਏ ॥ (*S.G.G.S.* p. 467 )

The Guru does not recommend renunciation of the world to follow the life of asceticism. He advises to live in the world and to be active for social welfare. Guru Nanak gives priority to natural or easy way to realize the experience of God.

ਸਹਜੈਸਹਜੁ ਮਿਲੈਸੁਖੁ ਪਾਈਐਦਰਗਹ ਪੈਧਾ ਜਾਏ ॥ (*S.G.G.S.* p. 1345)

Guru Nanak teaches human-beings to adopt householders' life. In his opinion individual efforts are required to earn the grace of God. Guru Nanak has out rightly discarded all these rituals and propounded totally a different method, which was unique in many ways. According to him, one should be purified on his way to spiritual perfection and purification is possible through his own efforts.

ਉਦਮ ਕਰਤ ਹੋਵੈ ਮਨੁ ਨਿਰਮਲੁ ਸਾਚੈਆਪੁ ਨਿਵਾਰੈ॥ (*S.G.G.S.* p. 381)

God's grace helps him in achieving the fruits of his efforts. Guru Nanak teaches human beings to eradicate one's vices rather then running away from his moral and social responsibilities. The experience of Guru Nanak reveals that man should give up all the vices like lust, anger, greed, allurement and pride. Besides eradicating the vices one has to imbibe the values of truthfulness, love and peace. But it can be done only while living in society in easy or natural way of life. Guru Nanak underlines the requirement of internal purity which is the precondition to attain the God. And for internal purity there is no need to go through self

mortification.

When Guru Nanak talked about the way of the purification of the soul he accepts the way of the *kirtan* to praises of the Lord. Actually meditation and the *Kirtan* both are a two-way action.

ਗਾਵੀਐਸੁਣੀਐ ਮਨਿ ਰਖੀਐਭਾਉ ॥

ਦੁਖੁ ਪਰਹਰਿ ਸੁਖੁ ਘਰਿ ਲੈਜਾਇ ॥ (*S.G.G.S.* p. 2)

They both produce a love for God and the love for God manifests in meditation and *Kirtan*. So Guru Nanak stresses upon meditation on God's name and for it sings His praises. For realizing the God or to achieve spiritual perfection Guru Nanak preached the life of householders and balanced way of life. There is a great role of *Sahaj* in the way of purification of the soul. Guru Nanak explains that for controlling the excesses of ego and senses while living a householder's life, man should meditate upon the Name of God, perform his duty towards the Creator, realise Him in his innnerself and become a *Jiwan-Mukta*. So in this way Guru Nanak accepts that one should purify his soul through the means of *Kirtan* and for it there is no need to renounce the family and society.

Guru Nanak has pronounced that kirtan is the magical formula to keep the human soul afloat in the dark era of kaliyug provided the devotee sings the pure melodies with his or her heart closely focused on the meaning and true spirit of the Gurbani .

ਕਲਜੁਗ ਮਹਿ ਕੀਰਤਨੁ ਪਰਧਾਨਾ ॥

ਗੁਰਮੁਖਿ ਜਪੀਐ ਲਾਇ ਧਿਆਨਾ ॥ (S.G.G.S. p. 1075)

Actually it can be done through the devotional singing in an easy and natural manner. We see that the goal of man, as prescribed by Guru Nanak, is union with God. According to Guru Nanak, the way to union with God is to be perfected step by step. In the Japji, Guru Nanak underlines five stages of spiritual development; each of them is called a *khand* or 'realm'.

On his way to union with God, Guru Nanak also stresses upon the unification through *kirtan* with God, Guru and society. He further writes that recitation of His Names and singing of His praises become more effective if executed in a congregation and performed with the accompaniment of music.

To achieve the self-purification, Guru Nanak does not prescribe renunciation of the world. Instead of asceticism, austerities, penances, ritualism, etc. he has propounded an easy path, the natural way of *Sahaj*. But this is not as

easier as it appears to be. First of all one should be free from the worldly attachments and desires. It is a crossing over from the mundane to the spiritual realm for which self has to be absolutely free from the materialistic gains. It requires constant efforts to ward off the vices entering into the self. Besides keeping away the evils one has to exert himself to imbibe the virtues. Therefore, it is not a hobby but a constant and continuous struggle at spiritual level within the self. At every step it requires sacrifice for which one has to be eveready. Besides it requires unflinching faith and allegiance to God and unqualified submission to His order (*Hukam*). All these requirements suggest that the path laid down by Guru Nanak for realization of God is not as easy as the word *Sahaj* seems to be. In fact it is very demanding. Guru Amar Das remarks that it is a very difficult and arduous journey. Similarly Bhai Gurdas compares it with the sharp edge of double edged sword where an ant or black bee cannot rest.

